AGING AND LONG-TERM SUPPORT ADMINISTRATION (ALTSA)
DEVELOPMENTAL DISABILITIES ADMINISTRATION (DDA)

# ਆਪਣੇ ਨਿਜੀ ਪ੍ਰੋਵਾਈਡਰਾਂ ਦੇ ਨੌਕਰੀਦਾਤਾ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਪ੍ਰਵਾਣ ਕਰਨੀਆਂ

## Acknowledgement of My Responsibilities As The Employer of My Individual Providers

ਮੈਂ, ਸਮਾਜਕ ਅਤੇ ਸਿਹਤ ਸੇਵਾਵਾਂ ਬਾਰੇ ਵਿਭਾਗ (DSHS) ਵਲੋਂ ਭੁਗਤਾਨ ਕੀਤੇ ਜਾਣ ਵਾਲੇ ਨਿਜੀ ਪ੍ਰੋਵਾਈਡਰ (IP) ਤੋਂ ਸੇਵਾਵਾਂ ਲੈਣ ਦੀ ਚੋਣ ਕੀਤੀ ਹੈ। ਆਪਣੇ IP ਦੇ ਨੌਕਰੀਦਾਤਾ ਵਜੋਂ ਮੈਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਦਾ/ਸਮਝਦੀ ਹਾਂ, ਇਸ ਵਿਚ ਸ਼ਾਮਿਲ ਹੈ:

**ਆਪਣੇ ਪ੍ਰੋਵਾਈਡਰ ਦੇ ਪਿਛੋਕੜ ਦੀਆਂ ਜਾਂਚਾਂ:**

- ਮੈਂ ਸਮਝਦਾ/ਸਮਝਦੀ ਹਾਂ ਕਿ ਮੇਰੇ IP ਨੇ ਸਟੇਟ ਵਿਚਲੀ ਪਿਛੋਕੜ ਜਾਂਚ ਅਤੇ ਸਟੇਟ ਤੋਂ ਬਾਹਰ ਉਂਗਲਾਂ ਦੀ ਛਾਪ ਦੀ ਜਾਂਚ, ਦੋਵੇਂ ਜ਼ਰੂਰ ਪਾਸ ਕੀਤੇ ਹੋਣੇ ਚਾਹੀਦੇ ਹਨ। ਮੈਂ ਆਪਣੇ IP ਨੂੰ ਫ਼ੌਰਨ ਸ਼ੁਰੂ ਕਰਨ ਲਈ ਕੰਮ 'ਤੇ ਰੱਖ ਸਕਦਾ/ਸਕਦੀ ਹਾਂ ਜਾਂ ਉਂਗਲਾਂ ਦੀ ਛਾਪ ਦੀ ਜਾਂਚ ਦੇ ਨਤੀਜਿਆਂ ਦੀ ਉਡੀਕ ਕਰਾਂ। ਜੇ ਮੈਂ ਉਂਗਲਾਂ ਦੀ ਛਾਪ ਦੀ ਜਾਂਚ ਦੇ ਨਤੀਜੇ ਵਾਪਸ ਆਉਣ ਤੋਂ ਪਹਿਲਾਂ ਆਪਣੇ IP ਨੂੰ ਕੰਮ 'ਤੇ ਰੱਖ ਲੈਂਦਾ/ਲੈਂਦੀ ਹਾਂ ਅਤੇ ਪਤਾ ਲੱਗਦਾ ਹੈ ਕਿ ਮੇਰਾ ਪ੍ਰੋਵਾਈਡਰ ਅਯੋਗ ਹੋ ਗਿਆ ਹੈ, ਤਾਂ ਹੁਣ DSHS ਉਸ IP ਨੂੰ ਭੁਗਤਾਨ ਨਹੀਂ ਕਰੇਗੀ। ਮੇਰੇ ਕੋਲ ਕਿਸੇ ਹੋਰ IP, ਜੋ ਯੋਗ ਹੈ, ਨੂੰ ਚੁਣਨ ਦਾ ਅਖ਼ਤਿਆਰ ਹੋਏਗਾ:

  ☐ **ਉਂਗਲਾਂ ਦੀ ਛਾਪ ਦੀ ਜਾਂਚ ਦੇ ਨਤੀਜਿਆਂ ਦੀ ਉਡੀਕ ਕਰਦਿਆਂ ਹੋਇਆਂ, ਮੈਂ ਆਪਣੇ IP ਨੂੰ 120 ਦਿਨਾਂ ਤੱਕ ਲਈ ਕੰਮ 'ਤੇ ਰੱਖਣਾ ਚਾਹੁੰਦਾ/ਚਾਹੁੰਦੀ ਹਾਂ। ਮੈਂ ਸਮਝਦਾ/ਸਮਝਦੀ ਹਾਂ ਕਿ ਮੇਰੇ IP ਨੂੰ ਪਹਿਲਾਂ ਸਟੇਟ ਵਿਚਲੇ ਪਿਛੋਕੜ ਦੀ ਜਾਂਚ ਜ਼ਰੂਰ ਪਾਸ ਕਰਨੀ ਚਾਹੀਦੀ ਹੈ।** ਸਟੇਟ ਵਿਚਲੇ ਪਿਛੋਕੜ ਦੀ ਜਾਂਚ ਦੇ ਜਾਇਜ਼ੇ; (1) ਵਾਸ਼ਿੰਗਟਨ ਸਟੇਟ ਪੈਟ੍ਰੋਲ ਰਾਹੀਂ ਮੁਜਰਮਾਨਾ ਸਜ਼ਾ ਦੇ ਰਿਕਾੱਰਡ (2) ਵਾਸ਼ਿੰਗਟਨ ਸਟੇਟ ਦੀ ਅਦਾਲਤ ਦੇ ਡਾਟਾਬੇਸ ਦੇ ਰਿਕਾੱਰਡ ਅਤੇ (3) ਵਾਸ਼ਿੰਗਟਨ ਸਟੇਟ ਦੀਆਂ ਏਜੰਸੀਆਂ ਦੇ ਸਿੱਟੇ।

  ਜਾਂ

  ☐ **ਮੈਂ ਆਪਣੇ IP ਨੂੰ ਕੰਮ 'ਤੇ ਰੱਖਣ ਤੋਂ ਪਹਿਲਾਂ ਸਟੇਟ ਤੋਂ ਬਾਹਰ ਦੇ ਉਂਗਲਾਂ ਦੀ ਛਾਪ ਦੀ ਜਾਂਚ ਦੇ ਨਤੀਜਿਆਂ ਤੱਕ ਉਡੀਕ ਕਰਰਨਾ ਚਾਹੁੰਦਾ/ਚਾਹੁੰਦੀ ਹਾਂ।** ਸਟੇਟ ਤੋਂ ਬਾਹਰ ਦੀਆਂ ਜਾਂਚਾਂ ਵਿਚ ਹੋਰਨਾਂ ਸਟੇਟਾਂ ਵਿਚ ਮੁਜਰਮਾਨਾ ਰਿਕਾੱਰਡਾਂ ਦੀ ਜਾਂਚ ਸ਼ਾਮਿਲ ਹੋ ਸਕਦੀ ਹੈ।

  IP ਦਾ ਨਾਂ: ______________________________

**ਨੌਕਰੀਦਾਤਾ ਵਜੋਂ:**

- ਮੈਨੂੰ ਜਾਂਚ ਜ਼ਰੂਰ ਕਰਨੀ ਚਾਹੀਦੀ ਹੈ ਅਤੇ ਯੋਗਤਾਪ੍ਰਾਪਤ IP ਨੂੰ ਕੰਮ 'ਤੇ ਰੱਖਾਂਗਾ/ਰੱਖਾਂਗੀ;
- ਇਹ ਯਕੀਨੀ ਬਣਾਉਣ ਲਈ ਕਿ IP ਕੋਲ ਵੈਧ ਇਕਰਾਰਨਾਮਾ ਹੈ, ਲਈ ਮੈਨੂੰ ਆਪਣੇ ਕੇਸ ਮੈਨੇਜਰ ਨਾਲ ਸੰਪਰਕ ਜ਼ਰੂਰ ਕਰਨਾ ਚਾਹੀਦਾ ਹੈ;
- ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੇਰੇ IP ਨੂੰ DSHS ਤੋਂ ਨੋਟਿਸ ਮਿਲਦਾ ਹੈ ਕਿ ਉਸ ਨੂੰ ਕੰਮ ਬੰਦ ਕਰ ਦੇਣਾ ਚਾਹੀਦਾ ਹੈ, ਤਾਂ ਉਸ ਨੂੰ ਕੰਮ ਕਰਨ ਦੀ ਆਗਿਆ ਨਹੀਂ ਹੈ;
- ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੇਰਾ IP, ਹੁਣ ਇੱਕ IP ਵਜੋਂ ਯੋਗਤਾਪ੍ਰਾਪਤ ਨਹੀਂ ਹੈ, ਤਾਂ ਉਸ ਨੂੰ ਕੰਮ ਕਰਨ ਦੀ ਆਗਿਆ ਨਹੀਂ ਹੈ;
- ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੇਰੇ IP ਨੂੰ ਕੰਮ ਕਰਨ ਦੀ ਆਗਿਆ ਨਹੀਂ ਹੈ, ਤਾਂ ਮੈਨੂੰ ਇੱਕ ਨੋਟਿਸ ਮਿਲੇਗਾ। ਜੇ ਉਸ ਨੋਟਿਸ ਦੀ ਤਾਰੀਖ਼ ਤੋਂ ਬਾਅਦ ਮੈਂ ਉਸ ਤੋਂ ਕੰਮ ਕਰਾਉਂਦਾ/ਕਰਾਉਂਦੀ ਹਾਂ, ਤਾਂ IP ਨੂੰ ਭੁਗਤਾਨ ਕਰਨ ਲਈ ਮੈਂ ਨਿਜੀ ਤੌਰ 'ਤੇ ਜ਼ਿੰਮੇਵਾਰ ਹੋ ਸਕਦਾ/ਸਕਦੀ ਹਾਂ;
- ਮੈਨੂੰ ਯਕੀਨੀ ਬਣਾਉਣਾ ਪੈਣਾ ਹੈ ਕਿ ਮੇਰਾ IP ਅਮਰੀਕਾ ਵਿਚ ਕੰਮ ਕਰ ਸਕਦਾ ਹੈ। ਮੈਨੂੰ I-9 ਫ਼ਾਰਮ ਨੂੰ ਭਰਨਾ ਅਤੇ ਰੱਖਣਾ ਚਾਹੀਦਾ ਹੈ। ਜੇ ਮੈਨੂੰ ਹੋਰ ਜਾਣਕਾਰੀ ਦੀ ਲੋੜ ਹੈ, ਤਾਂ ਮੈਂ Homeland Security USCIS I-9 Web Site ਨੂੰ ਜਾਂ 1-888-464-4218 'ਤੇ ਕਾੱਲ ਕਰਕੇ ਸੰਪਰਕ ਕਰ ਸਕਦਾ/ਸਕਦੀ ਹਾਂ;
- ਮੈਂ ਸਮਝਦਾ/ਸਮਝਦੀ ਹਾਂ ਕਿ IP ਲੱਭਣ ਵਿਚ ਮਦਦ ਲਈ, ਮੈਂ ਹੋਮ ਕੇਅਰ ਰੈਫ਼ਰਲ ਰਜਿਸਟਰੀ (HCRR) ਨਾਲ ਸੰਪਰਕ ਕਰ ਸਕਦਾ/ਸਕਦੀ ਹਾਂ। ਇਹ ਸੇਵਾ ਸਟੇਟ ਦੇ ਬਹੁਤੇ ਇਲਾਕਿਆਂ ਵਿਚ ਉਪਲਬਧ ਹੈ। ਮੈਂ 1-800-970-5456 'ਤੇ ਟੈਲੀਫੋਨ ਕਰਕੇ HCRR ਨਾਲ ਸੰਪਰਕ ਕਰ ਸਕਦਾ/ਸਕਦੀ ਹਾਂ। ਮੈਂ: http://www.hcrr.wa.gov/ 'ਤੇ ਇੰਟਰਨੈਟ 'ਤੇ HCRR ਤੱਕ ਪਹੁੰਚ ਕਰ ਸਕਦਾ/ਸਕਦੀ ਹਾਂ।

**ਕੰਮ ਲਈ ਆਪਣੇ IP ਦਾ ਪ੍ਰੋਗਰਾਮ ਬਣਾਉਣਾ:**

- ਮੈਂ ਸਮਝਦਾ/ਸਮਝਦੀ ਹਾਂ ਕਿ DSHS ਦੀ ਮੰਜ਼ੂਰੀ ਤੋਂ ਬਿਨਾ ਮੇਰਾ IP ਆਪਣੇ ਕੰਮ ਦੀ ਸੀਮਾ ਤੋਂ ਵੱਧ ਕੰਮ **ਨਹੀਂ ਕਰ ਸਕਦਾ**;
- ਮੈਂ ਸਮਝਦਾ/ਸਮਝਦੀ ਹਾਂ ਕਿ ਮੇਰੇ IP ਦੀ ਸਿਰਫ਼ ਕੰਮ ਦੇ ਇੱਕ ਹਫ਼ਤੇ ਦੀ ਸੀਮਾ ਹੈ। ਮੇਰਾ IP ਇਸ ਸੀਮਾ ਤੋਂ ਵੱਧ ਕੰਮ ਨਹੀਂ ਕਰ ਸਕਦਾ, ਭਾਵੇਂ ਉਹ ਮੇਰੇ ਤੋਂ ਛੁੱਟ ਹੋਰ ਲੋਕਾਂ ਲਈ ਕੰਮ ਕਰਦਾ ਹੈ;
- ਮੈਂ ਸਮਝਦਾ/ਸਮਝਦੀ ਹਾਂ ਕਿ ਮੈਨੂੰ ਯਕੀਨੀ ਬਣਾਉਣਾ ਪੈਣਾ ਹੈ ਕਿ ਮੇਰਾ IP ਆਪਣੇ ਕੰਮ ਦੇ ਹਫ਼ਤੇ ਦੀ ਸੀਮਾ ਨਾਲੋਂ ਵੱਧ ਅਤੇ ਮੇਰੇ ਮਹੀਨੇਵਾਰ ਸੇਵਾ ਦੇ ਘੰਟਿਆਂ ਨਾਲੋਂ ਵੱਧ ਕੰਮ ਨਹੀਂ ਕਰ ਰਿਹਾ;
- ਜਦੋਂ ਮੈਨੂੰ ਸੰਭਾਲ ਕਰਨ ਵਾਲੇ ਦੀ ਲੋੜ ਪਏ, ਤਾਂ ਮੈਨੂੰ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਇੱਕ ਹੋਰ ਮਦਦਗਾਰ ਕੇਅਰਗਿਵਰ ਲੱਭਣਾ ਪੈਣਾ ਹੈ;
- ਮੈਨੂੰ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਵਾਧੂ ਕੇਅਰਗਿਵਰਾਂ ਨੂੰ ਕੰਮ 'ਤੇ ਰੱਖਣਾ ਪੈਣਾ ਹੈ ਅਤੇ ਓਵਰਟਾਈਮ ਦੇ ਨੇਮ ਮੰਨਣੇ ਪੈਣੇ ਹਨ;
- ਮੈਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮੇਰਾ IP ਮੇਰੀ ਸੰਭਾਲ ਯੋਜਨਾ ਨੂੰ ਸਮਝੇ, ਮੇਰੀ ਸੰਭਾਲ ਯੋਜਨਾ ਦੀ ਪਾਲਣਾ ਕਰ ਸਕੇ ਅਤੇ ਜੋ ਮੈਂ ਚਾਹੁੰਦਾ/ਚਾਹੁੰਦੀ ਹਾਂ, ਅਨੁਸਾਰ ਕੰਮ ਦਾ ਪ੍ਰੋਗਰਾਮ ਬਣਾ ਸਕੇ;

- ਮੈਂ ਆਪਣੇ IP ਦੇ ਕੰਮ ਦੀ ਨਿਗਰਾਨੀ ਕਰਦਾ/ਕਰਦੀ ਹਾਂ। ਹਾਲਾਂਕਿ ਮੇਰੇ IP ਦਾ DSHS ਨਾਲ ਇਕਰਾਰਨਾਮਾ ਹੈ, ਪਰ DSHS ਮੇਰੇ IP ਦੀ ਨਿਗਰਾਨੀ ਨਹੀਂ ਕਰਦਾ।

ਦਸਤਾਨੇ ਉਪਲਬਧ ਕਰਨੇ:

- ਮੇਰੇ ਪ੍ਰੋਵਾਈਡਰ ਨੂੰ ਲੋੜ ਪੈਣ 'ਤੇ, ਨਿਜੀ ਸੰਭਾਲ ਦੇ ਕੰਮਾਂ ਲਈ ਹੱਥਾਂ ਵਾਸਤੇ ਮੈਨੂੰ ਆਪਣੇ IP ਨੂੰ ਦਸਤਾਨੇ ਜ਼ਰੂਰ ਉਪਲਬਧ ਕਰਾਉਣੇ ਚਾਹੀਦੇ ਹਨ:
- ਮੈਨੂੰ ਆਪਣੇ Apple Health (Medicaid) ਲਾਭ ਤੋਂ ਇੱਕ ਮਹੀਨੇ ਵਿਚ 200 ਦਸਤਾਨੇ ਤੱਕ ਮਿਲ ਸਕਦੇ ਹਨ। ਜੇ ਇਹ ਡਾਕਟਰੀ ਤੌਰ 'ਤੇ ਜ਼ਰੂਰੀ ਹੈ, ਤਾਂ ਮੈਨੂੰ ਹੋਰ ਦਸਤਾਨੇ ਮਿਲ ਸਕਦੇ ਹਨ।
- ਜੇ ਮੇਰੀ Apple Health (Medicaid) ਦੇ ਪ੍ਰਬੰਧ ਹੇਠਲੀ ਸੰਭਾਲ ਹੈ, ਤਾਂ ਦਸਤਾਨਿਆਂ ਦੇ ਆੱਰਡਰ ਲਈ ਆਪਣੇ ਸਿਹਤ ਪਲਾਨ ਜਾਂ ਆਪਣੇ ਡਾੱਕਟਰ ਨਾਲ ਸੰਪਰਕ ਕਰ ਸਕਦਾ ਹਾਂ ਜਾਂ https://www.hca.wa.gov/assets/billers-and-providers/13-010.pdf 'ਤੇ ਜਾਓ।
- ਜੇ ਮੇਰੀ Apple Health ਕਵਰੇਜ ਹੈ, ਜੋ ਕਿ ਪ੍ਰਬੰਧ ਹੇਠਲੀ ਸੰਭਾਲ ਰਾਹੀਂ ਨਹੀਂ ਹੈ, ਤਾਂ ਮੈਂ:
  - https://www.hca.wa.gov/assets/billers-and-providers/ffs_providers_non_sterile_gloves.pdf : 'ਤੇ ਸਿਹਤ ਸੰਭਾਲ ਅਥਾੱਰਿਟੀ ਦੀ ਵੈਬਸਾਈਟ 'ਤੇ ਦਿੱਤੀ ਗਈ ਸੂਚੀ ਤੋਂ ਮੈਡੀਕਲ ਉਪਕਰਣ ਦੇ ਸਪਲਾਇਰ ਨੂੰ ਕਾੱਲ ਕਰ ਸਕਦਾ/ਸਕਦੀ ਹਾਂ ਜਾਂ
  - ਆਪਣੇ ਡਾੱਕਟਰ ਨੂੰ ਕਾੱਲ ਕਰ ਸਕਦਾ/ਸਕਦੀ ਹਾਂ; ਜਾਂ
  - 1-800-562-3022 'ਤੇ ਮੈਡੀਕਲ ਸਰਵਿਸ ਸੈਂਟਰ ਨੂੰ ਕਾੱਲ ਕਰ ਸਕਦਾ/ਸਕਦੀ ਹਾਂ। ਇਹ ਨੰਬਰ ਮੇਰੇ ਨੀਲੇ ਮੈਡੀਕਲ ਸਰਵਿਸ ਕਾਰਡ 'ਤੇ ਦਿੱਤਾ ਹੋਇਆ ਹੈ। ਵਾਧੂ ਦਸਤਾਨੇ ਲੈਣ ਬਾਰੇ ਹੋਰ ਜਾਣਕਾਰੀ ਲਈ http://www.hca.wa.gov/medicaid/dme/Pages/default.aspx 'ਤੇ ਸਿਹਤ ਸੰਭਾਲ ਅਥਾੱਰਿਟੀ ਦੀ ਵੈਬਸਾਈਟ 'ਤੇ ਜਾਓ।

**ਧਨ ਸਬੰਧੀ ਫ਼ਰਜ਼:**

- ਮੈਂ ਸਮਝਦਾ/ਸਮਝਦੀ ਹਾਂ ਕਿ ਜਦ ਤੱਕ ਮੇਰਾ IP, DSHS ਨੂੰ ਨਾ ਕਹੇ, ਉਹ ਮੇਰੇ IP ਦਾ ਆਮਦਨ ਟੈਕਸ ਰੋਕਣ ਜਾਂ ਭੁਗਤਾਨ ਕਰਨ ਲਈ ਜ਼ਿੰਮੇਵਾਰ ਨਹੀਂ ਹੈ;
- DSHS ਸੋਸ਼ਲ ਸਿਕਿਓਰਿਟੀ ਅਤੇ ਮੈਡੀਕੇਅਰ ਟੈਕਸ (FICA) ਰੋਕਣ ਜਾਂ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੈ;
- ਜਦ ਤੱਕ ਮੇਰਾ IP, ਮੇਰੇ ਮਾਤਾ-ਪਿਤਾ ਜਾਂ ਮੇਰਾ ਬੱਚਾ ਹੈ, ਜਿਸਦੀ ਉਮਰ 18 ਅਤੇ 21 ਸਾਲ ਦੇ ਵਿਚਕਾਰ ਹੈ, ਤਾਂ DSHS ਫ਼ੈਡਰਲ ਅਤੇ ਸਟੇਟ ਦੇ ਬੇਰੋਜ਼ਗਾਰ ਸਬੰਧੀ ਟੈਕਸ (FUTA/SUTA) ਰੋਕਣ ਜਾਂ ਭੁਗਤਾਨ ਕਰਨ ਲਈ ਜ਼ਿੰਮੇਵਾਰ ਹੈ;
- ਮੈਨੂੰ ਫ਼ੈਡਰਲ ਅਤੇ ਸਟੇਟ ਦੀਆਂ ਟੈਕਸ ਏਜੰਸੀਆਂ ਨੂੰ ਆਪਣੀ ਨਿਜੀ ਸੰਭਾਲ ਦੀ ਹਿੱਸੇਦਾਰੀ ਸਬੰਧੀ ਭੁਗਤਾਨਾਂ ਦੀ ਰਿਪੋਰਟ ਜ਼ਰੂਰ ਕਰਨੀ ਚਾਹੀਦੀ ਹੈ, ਜੇ:
  - ਮੈਨੂੰ ਘਰ ਅਤੇ ਭਾਈਚਾਰਕ ਸੇਵਾਵਾਂ ਜਾਂ ਬੁਢੇਪੇ ਬਾਰੇ ਮੇਰੀ ਸਥਾਨਕ ਏਜੰਸੀ (AAA) ਰਾਹੀਂ ਸੇਵਾਵਾਂ ਮਿਲਦੀਆਂ ਹਨ ਅਤੇ
  - ਮੈਂ IP ਨੂੰ ਕੰਮ 'ਤੇ ਰੱਖਦਾ/ਰੱਖਦੀ ਹਾਂ ਅਤੇ
  - ਮੈਂ ਆਪਣੀਆਂ ਨਿਜੀ ਸੰਭਾਲ ਸੇਵਾਵਾਂ ਲਈ ਭੁਗਤਾਨ ਵਿਚ ਹਿੱਸੇਦਾਰੀ ਪਾਉਂਦਾ/ਪਾਉਂਦੀ ਹਾਂ।
    - ਟੈਕਸ ਜਾਣਕਾਰੀ ਲਈ, 1-800-829-1040 'ਤੇ ਅੰਦਰੂਨੀ ਮਾਲੀਆ ਸੇਵਾਵਾਂ ਜਾਂ 1-888-836-1900 'ਤੇ ਰੋਜ਼ਗਾਰ ਸੁਰੱਖਿਆ ਬਾਰੇ ਵਾਸ਼ਿੰਗਟਨ ਸਟੇਟ ਦੇ ਵਿਭਾਗ ਨਾਲ ਸੰਪਰਕ ਕਰੋ।

**DSHS ਨਾਲ ਗੱਲਬਾਤ ਕਰਨਾ:**

- ਮੈਂ ਆਪਣੇ ਕੇਸ ਮੈਨੇਜਰ ਨਾਲ ਸੰਪਰਕ ਕਰਾਂਗਾ/ਕਰਾਂਗੀ, ਜੇ:
  - ਮੇਰੀਆਂ ਆਪਣੀ ਸੰਭਾਲ ਯੋਜਨਾ ਬਾਰੇ ਜਾਂ ਸੰਭਾਲ ਦੀ ਕੁਆਲਿਟੀ, ਜੋ ਮੈਂ ਆਪਣੇ IP ਤੋਂ ਲੈ ਰਿਹਾ/ਰਹੀ ਹਾਂ, ਬਾਰੇ ਕੋਈ ਚਿੰਤਾਵਾਂ ਹਨ;
  - ਮੈਂ ਸੇਵਾਵਾਂ ਨਹੀਂ ਲੈ ਰਿਹਾ, ਜਿਹਨਾਂ ਲਈ ਮੇਰਾ IP ਬਿਲਿੰਗ ਕਰ ਰਿਹਾ ਹੈ;
  - ਮੈਨੂੰ, ਮੇਰੀ ਸੰਭਾਲ ਯੋਜਨਾ ਵਿਚਲੀਆਂ ਅਖ਼ਤਿਆਰਪ੍ਰਾਪਤ ਸੇਵਾਵਾਂ ਨਹੀਂ ਮਿਲ ਰਹੀਆਂ;
  - ਮੈਂ ਪ੍ਰੋਵਾਈਡਰ ਬਦਲਣਾ ਜਾਂ ਜੋੜਣਾ ਚਾਹੁੰਦਾ/ਚਾਹੁੰਦੀ ਹਾਂ;
  - ਮੈਨੂੰ ਆਪਣੇ IP ਨੂੰ ਕੰਮ 'ਤੇ ਰੱਖਣ/ਪ੍ਰਬੰਧ ਕਰਨ ਵਿਚ ਮਦਦ ਦੀ ਲੋੜ ਹੈ; ਜਾਂ
  - ਮੈਂ ਆਪਣੇ IP ਨੂੰ ਉਸਦੇ ਕੰਮ ਦੇ ਹਫ਼ਤੇ ਦੀ ਸੀਮਾ ਤੋਂ ਵੱਧ ਘੰਟਿਆਂ ਲਈ ਰੱਖਣਾ ਚਾਹੁੰਦਾ/ਚਾਹੁੰਦੀ ਹਾਂ।

ਮੈਂ ਸਮਝਦਾ/ਸਮਝਦੀ ਹਾਂ ਕਿ ਜੇ DSHS ਮੈਨੂੰ ਆਪਣੀ ਪਸੰਦ ਦਾ ਪ੍ਰੋਵਾਈਡਰ ਦੇਣ ਤੋਂ ਮਨ੍ਹਾ ਕਰਦੀ ਹੈ, ਤਾਂ ਮੈਨੂੰ ਅਪੀਲ ਕਰਨ ਦਾ ਹੱਕ ਹੈ।

| ਕਲਾਇੰਟ/ਕਾਨੂੰਨੀ ਨੁਮਾਇੰਦੇ ਦੇ ਦਸਤਖ਼ਤ | ਤਾਰੀਖ਼ | ਕਲਾਇੰਟ ਦਾ ID ਨੰਬਰ |
|---|---|---|
| ਕਲਾਇੰਟ/ਕਾਨੂੰਨੀ ਨੁਮਾਇੰਦੇ ਦਾ ਨਾਂ ਲਿਖੋ | | |